# 3
# ਮੰਗਲਵਾਰ

## ਮੱਤੀ 21:18-25:46; ਮਰਕੁਸ 11:20-13:37;
## ਲੂਕਾ 20:21; ਯੂਹੰਨਾ 12:20-50

*''ਫਿਰ ਉਨ੍ਹਾਂ ਨੇ ਫ਼ਰੀਸੀਆਂ ਅਤੇ ਹੇਰੋਦੀਆਂ ਵਿੱਚੋਂ ਕਈਆਂ ਨੂੰ ਉਹ ਦੇ ਕੋਲ ਘੱਲਿਆ ਜੋ ਉਹਨੂੰ ਉਹ ਦੀਆਂ ਗੱਲਾਂ ਦੀ ਫਾਹੀ ਵਿਚ ਫਸਾਉਣ'' (ਮਰਕੁਸ 12: 13)।*

ਲਿਖਤ ਵਿਚ ਦਰਜ ਸਭ ਦਿਨਾਂ ਨਾਲੋਂ ਮਸੀਹ ਦੀ ਜ਼ਿੰਦਗੀ ਵਿਚ ਮੰਗਲਵਾਰ ਦਾ ਦਿਨ ਸਭ ਤੋਂ ਵੱਧ ਰੁਝੇਵੇਂ ਭਰਿਆ ਸੀ। ਹੈਕਲ ਨੂੰ ਸ਼ੁੱਧ ਕਰਕੇ ਉਹਨੇ ਯਹੂਦੀ ਆਗੂਆਂ ਦੇ ਢਿੱਡ 'ਤੇ ਲੱਤ ਮਾਰੀ ਸੀ। ਯਹੂਦੀ ਆਗੂਆਂ ਨੇ ਹੈਕਲ ਨੂੰ ''ਡਾਕੂਆਂ ਦੀ ਖੋਹ'' ਬਣਾ ਦਿੱਤਾ ਸੀ।

ਉਹ ਯਿਸੂ ਨਾਲ ਨਰਾਜ਼ ਹੋ ਕੇ ਪੁੱਛਣ ਲੱਗੇ, ''ਕਿਹਨੇ ਤੈਨੂੰ ਇਹ ਅਖ਼ਤਿਆਰ ਦਿੱਤਾ?''; ''ਤੂੰ ਕੌਣ ਹੈਂ?''; ''ਉਹ ਕੌਣ ਹੈ ਜਿਹਨੇ ਤੈਨੂੰ ਇਹ ਅਖ਼ਤਿਆਰ ਦਿੱਤਾ?'' ਉਨ੍ਹਾਂ ਨੂੰ ਲਗਦਾ ਸੀ ਕਿ ਉਹ ਇਸ ਗਲੀਲੀ ਨੂੰ ਛੇਤੀ ਨਾਲ ਸ਼ਹਿਰੋਂ ਕੱਢ ਦੇਣਗੇ। ਜੇ ਉਹ ਜਵਾਬ ਵਿਚ ਕਹਿੰਦਾ ਕਿ ''ਖ਼ੁਦਾ ਨੇ'' ਤਾਂ ਉਨ੍ਹਾਂ ਉਸ 'ਤੇ ਕੁਫ਼ਰ ਦਾ ਇਲਜ਼ਾਮ ਲਾਉਣਾ ਸੀ। ਜੇ ਉਹ ਜਵਾਬ ਵਿਚ ਕਹਿੰਦਾ ''ਮਨੁੱਖ ਨੇ,'' ਤਾਂ ਵੀ ਉਹ ਮਰਿਆ ਸੀ, ਕਿਉਂਕਿ ਉਨ੍ਹਾਂ ਦਾ ਕਹਿਣਾ ਸੀ ਕਿ ਉਹਨੂੰ ਉਹ ਸਭ ਕਰਨ ਦਾ ਕੋਈ ਹੱਕ ਨਹੀਂ ਹੈ। ਪਰ ਯਿਸੂ ਨੇ ਇਹ ਪੁੱਛ ਕੇ ਕਿ ''ਯੂਹੰਨਾ ਨੂੰ ਅਖ਼ਤਿਆਰ ਕਿੱਥੋਂ ਮਿਲਿਆ ਸੀ?'' ਪਾਸਾ ਹੀ ਪਲਟ ਦਿੱਤਾ। ਯਿਸੂ ਨੇ ਅੱਗ ਨਾਲ ਅੱਗ ਬੁਝਾਈ। ਉਨ੍ਹਾਂ ਨੇ ਉਹਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਕਰਕੇ ਯਿਸੂ ਨੇ ਵੀ ਜਵਾਬ ਨਹੀਂ ਦਿੱਤਾ! (ਵੇਖੋ ਮੱਤੀ 21:23-27; ਮਰਕੁਸ 11:27-33; ਲੂਕਾ 20:1-8.) ਯਹੂਦੀ ਆਗੂਆਂ ਨੇ ਯਿਸੂ ਤੋਂ ਉਹਨੂੰ ਮਿਲੇ ਅਖ਼ਤਿਆਰ ਬਾਰੇ ਪੁੱਛ ਕੇ ਉਹਨੂੰ ਜ਼ਲੀਲ ਕਰਨ ਦੀ ਕੋਸ਼ਿਸ਼ ਕੀਤੀ: ''ਤੂੰ ਕਿਹੜੇ ਸਕੂਲ ਪੜ੍ਹਿਆ ਹੈਂ? ਤੂੰ ਯਾਜਕ ਜਾਂ ਚੁਣਿਆ ਹੋਇਆ ਰੱਬੀ ਜਾਂ ਯਰੂਸ਼ਲਮ ਦੀ ਸੈਮਿਨਰੀ ਦਾ ਗ੍ਰੈਜੁਏਟ ਤਾਂ ਨਹੀਂ ਹੈ।'' ਛੇਤੀ ਹੀ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਉਹ ''ਸਵਾਲਾਂ-ਜਵਾਬਾਂ ਵਿਚ ਸਭ ਤੋਂ ਮਾਹਿਰ'' ਸੀ। ਉਹਨੇ ਉਨ੍ਹਾਂ ਦੀ ਬੇਵਕੂਫ਼ੀ ਨੂੰ ਸਾਹਮਣੇ ਲੈ ਆਂਦਾ।

### ਦ੍ਰਿਸ਼ਟਾਂਤਾਂ ਵਿਚ ਸਬਕ

ਯਿਸੂ ਨੇ ਇਸ ਸੰਦਰਭ ਵਿਚ ਤਿੰਨ ਦ੍ਰਿਸ਼ਟਾਂਤ ਦੱਸੇ। ਰਸੂਲਾਂ ਨੇ ਯਿਸੂ ਤੋਂ ਪੁੱਛਿਆ ਕਿ ਉਹ ਦ੍ਰਿਸ਼ਟਾਂਤਾਂ ਵਿਚ ਕਿਉਂ ਸਿਖਾਉਂਦਾ ਹੈ ਅਤੇ ਉਹਦੇ ਕਹਿਣ ਤੋਂ ਕੀ ਭਾਵ ਹੈ (ਮੱਤੀ

13:10, 36)। ਉਹਨੇ ਕਿਹਾ ਕਿ ਇਸ ਨਾਲ ਉਹਦੇ ਚੇਲਿਆਂ ਵਿਚ ਸ਼ੁਮਾਰ ਹੋਣ ਦੀ ਤਾਂਘ ਰੱਖਣ ਵਾਲੇ ਲੋਕ ਨਿੱਕਲ ਸਕਦੇ ਹਨ। ਦ੍ਰਿਸ਼ਟਾਂਤ ''ਬਾਲ ਕਹਾਣੀਆਂ'' ਨਹੀਂ ਹਨ। ਉਹ ਤੁਹਾਨੂੰ ਪਿਆਰ ਨਾਲ ਆਪਣੀ ਗ਼ਲਤੀ ਦਾ ਅਹਿਸਾਸ ਕਰਾਉਂਦੇ ਹਨ।

ਯਿਸੂ ਨੇ ਪਹਿਲਾਂ ਦੋ ਪੁੱਤਰਾਂ ਦਾ ਦ੍ਰਿਸ਼ਟਾਂਤ ਦਿੱਤਾ, ਜਿਸ ਵਿਚ ਸਮਝਾਇਆ ਗਿਆ ਕਿ ਤੌਬਾ ਕੀ ਹੈ (ਮੱਤੀ 21:28-32)। ਇਕ ਪੁੱਤਰ ਨੇ ਆਪਣੇ ਪਿਤਾ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਪਰ ਬਾਅਦ ਵਿਚ ਤੌਬਾ ਕਰਕੇ ਹੁਕਮ ਮੰਨਿਆ ਜਦਕਿ ਦੂਜੇ ਨੇ ਆਪਣੇ ਪਿਤਾ ਨੂੰ ਕਿਹਾ ਕਿ ਉਹ ਉਹਦੀ ਗੱਲ ਮੰਨੇਗਾ ਪਰ ਬਾਅਦ ਵਿਚ ਉਹਨੇ ਮੰਨੀ ਨਹੀਂ। ਮਹਿਸੂਲ (ਜਾਂ ਟੈਕਸ ਇਕੱਠਾ ਕਰਨ) ਵਾਲੇ ਅਤੇ ਵੇਸਵਾਵਾਂ ਤਾਂ ਖ਼ੁਦਾ ਦੀ ਬਾਦਸ਼ਾਹੀ ਵਿਚ ਦਾਖ਼ਲ ਹੋ ਜਾਣਗੇ, ਪਰ ਕੁਝ ''ਧਾਰਮਿਕ ਲੋਕ'' ਨਹੀਂ ਵੜ ਸਕਣਗੇ। ਮਹਿਸੂਲ ਲੈਣ ਵਾਲਿਆਂ ਅਤੇ ਵੇਸਵਾਵਾਂ ਨੇ ਯਿਸੂ ਨੂੰ ਸਲੀਬ 'ਤੇ ਨਹੀਂ ਚੜ੍ਹਾਇਆ ਸੀ। ਇਹ ਕੰਮ ਤਾਂ ਖ਼ੁਦਾ ਦੀ ਆਪਣੀ ਕੌਮ ਇਸਰਾਏਲ ਨੇ ਕੀਤਾ ਸੀ। ਯਰੂਸ਼ਲਮ ਖ਼ੁਦਾ ਦਾ ਸ਼ਹਿਰ ਸੀ। ਯਰੂਸ਼ਲਮ ਦੇ ਅੰਦਰ ਖ਼ੁਦਾ ਦੀ ਹੈਕਲ ਸੀ, ਪਰ ਸ਼ਹਿਰ ਦੀ ਸ਼ਹਿਰਪਨਾਹ ਤੋਂ ਥੋੜ੍ਹਾ ਬਾਹਰ ਛੇਤੀ ਹੀ ਯਿਸੂ ਨੂੰ ਸਲੀਬ 'ਤੇ ਚੜ੍ਹਾਇਆ ਜਾਣਾ ਸੀ। ਇਹ ਵੇਖ ਕੇ ਕਿ ਧਾਰਮਿਕ ਲੋਕ ਕਿੰਨੇ ਭੈੜੇ, ਅੰਨ੍ਹੇ, ਘਮੰਡੀ ਅਤੇ ਮੁਤਅਸਬੀ ਹੋ ਸਕਦੇ ਹਨ, ਰੂਹ ਕੰਬ ਜਾਂਦੀ ਹੈ।

ਫਿਰ ਯਿਸੂ ਨੇ ਇਹ ਸਮਝਾਉਣ ਲਈ ਕਿ ਉਹਨੂੰ ਕਿਵੇਂ ਠੁਕਰਾਇਆ ਜਾਵੇਗਾ, ਦੁਸ਼ਟ ਮਾਲੀਆਂ ਦਾ ਦ੍ਰਿਸ਼ਟਾਂਤ ਦੱਸਿਆ ਜਿਨ੍ਹਾਂ ਨੇ ਮਾਲਕ ਦੇ ਪੁੱਤਰ ਨੂੰ ਮਾਰ ਦਿੱਤਾ ਸੀ (ਮੱਤੀ 21:33-44; ਮਰਕੁਸ 12:1-12; ਲੂਕਾ 20:9-19)। ਉਹਨੇ ਉਸ ਪੱਥਰ ਬਾਰੇ ਦੱਸਿਆ ਜੋ ਇਸਰਾਏਲ ਨੂੰ ਬਚਾ ਸਕਦਾ ਸੀ ਪਰ ਉਹਨੂੰ ਪਾਸੇ ਸੁੱਟ ਦਿੱਤਾ ਗਿਆ ਸੀ। ਯਹੂਦੀ ਆਗੂਆਂ ਨੂੰ ਪਤਾ ਸੀ ਕਿ ਯਿਸੂ ਉਨ੍ਹਾਂ ਦੀ ਅਤੇ ਆਪਣੀ ਗੱਲ ਕਰ ਰਿਹਾ ਹੈ।

ਇਹ ਵਿਖਾਉਣ ਲਈ ਕਿ ਕਿਵੇਂ ਉਹ ਉਹਦੇ ਸੱਦੇ ਨੂੰ ਠੁਕਰਾਉਣਗੇ, ਉਹਨੇ ਵਿਆਹ ਦੇ ਭੋਜ ਦਾ ਦ੍ਰਿਸ਼ਟਾਂਤ ਦੱਸਿਆ (ਮੱਤੀ 22:2-14; ਲੂਕਾ 14:16-24)। ਰਿਸ਼ਤੇਦਾਰਾਂ ਅਤੇ ਸੱਜਣਾਂ-ਮਿੱਤਰਾਂ ਨੇ ਸੱਦੇ ਨੂੰ ਠੁਕਰਾਇਆ ਹੀ ਨਹੀਂ ਸਗੋਂ ਉਨ੍ਹਾਂ ਇਸ ਮੌਕੇ ਦੀ ਵਰਤੋਂ ਖ਼ੂਨੀ ਖੇਡ ਲਈ ਕੀਤੀ। ਆਪਣੇ ਪੁੱਤਰ ਦਾ ਵਿਆਹ ਦੀ ਦਾਅਵਤ ਕਰਨ ਵਾਲਾ ਰਾਜਾ ਗੁੱਸੇ ਵਿਚ ਆਣ ਕੇ ਕਹਿਣ ਲੱਗਾ, ''ਸੋ ਤੁਸੀਂ ਚੁਰਾਹਿਆਂ ਵਿਚ ਜਾਓ ਅਤੇ ਜਿੰਨੇ ਤੁਹਾਨੂੰ ਮਿਲਣ ਵਿਆਹ ਵਿਚ ਸੱਦ ਲਿਆਓ'' (ਮੱਤੀ 22:9)। ਜਦ ਸੱਦੇ ਹੋਇਆਂ ਨੇ ਆਉਣ ਤੋਂ ਨਾਂਹ ਕਰ ਦਿੱਤੀ ਤਾਂ ਆਮ ਲੋਕਾਂ ਨੂੰ ਸੱਦ ਲਿਆ ਗਿਆ। ਕੋਈ ਹੈਰਾਨੀ ਨਹੀਂ ਕਿ ਆਮ ਲੋਕ ਯਿਸੂ ਦੀਆਂ ਗੱਲਾਂ ਖ਼ੁਸ਼ੀ ਨਾਲ ਸੁਣਦੇ ਸਨ (ਮਰਕੁਸ 12:37)।

## ਸਵਾਲ ਜਵਾਬ ਸ਼ੁਰੂ ਹੁੰਦੇ ਹਨ

ਛੇਤੀ ਹੀ ਫ਼ਰੀਸੀ ਅਤੇ ਹੈਰੋਦੀ[1] ਆਪਣੀਆਂ ਗੱਲਾਂ ਵਿਚ ਯਿਸੂ ਨੂੰ ਉਲਝਾਉਣ ਲਈ ਇਕੱਠੇ ਹੋ ਗਏ। ਫ਼ਰੀਸੀ ਲੋਕ ਹੈਰੋਦੀਆਂ ਤੋਂ ਘਿਣ ਕਰਦੇ ਸਨ ਅਤੇ ਮੰਨਦੇ ਸਨ ਕਿ ਉਹ ਗੱਦਾਰ ਹਨ, ਪਰ ਯਿਸੂ ਤੋਂ ਉਨ੍ਹਾਂ ਨੂੰ ਇਸ ਤੋਂ ਵੀ ਵੱਧ ਨਫ਼ਰਤ ਸੀ। ਦੋਹਾਂ ਧੜਿਆਂ ਨੇ ਮਿਲ ਕੇ ਯਿਸੂ ਸਾਹਮਣੇ ਚਲਾਕੀ ਭਰਿਆ ਸਵਾਲ ਰੱਖਿਆ ਕਿ ''ਕੈਸਰ ਨੂੰ ਟੈਕਸ ਦੇਣਾ ਜਾਇਜ਼ ਹੈ ਜਾਂ ਨਹੀਂ?'' ਸਿੱਕਾ ਹੱਥ ਵਿਚ ਫੜ੍ਹ ਕੇ ਉਹਨੇ ਜਵਾਬ ਦਿੱਤਾ, ''ਜਿਹੜੀਆਂ ਚੀਜ਼ਾਂ ਕੈਸਰ ਦੀਆਂ ਹਨ ਉਹ ਕੈਸਰ ਨੂੰ ਅਤੇ ਜਿਹੜੀਆਂ ਪ੍ਰਮੇਸ਼ਵਰ ਦੀਆਂ ਹਨ ਉਹ ਪ੍ਰਮੇਸ਼ਵਰ ਨੂੰ

ਦਿਓ'' (ਮੱਤੀ 22:21)। ਇਹ ਸੁਣ ਕੇ ਉਨ੍ਹਾਂ ਦੀ ਬੋਲਤੀ ਬੰਦ ਹੋ ਗਈ।

ਜਦ ਸਦੂਕੀ[2] ਉਹਦੇ ਕੋਲ ਆਏ ਤਾਂ ਉਨ੍ਹਾਂ ਬੇਵਕੂਫ਼ੀ ਹੀ ਵਿਖਾਈ। ਯਿਸੂ ਨੇ ਉਨ੍ਹਾਂ ਨੂੰ ਸਿੱਧਾ ਜਿਹਾ ਜਵਾਬ ਦਿੱਤਾ। ਉਹਨੇ ਕਿਹਾ, ''ਤੁਸੀਂ ਕਿਤਾਬਾਂ ਅਰ ਪ੍ਰਮੇਸ਼ਵਰ ਦੀ ਸਮਰੱਥਾ ਨੂੰ ਨਾ ਜਾਣ ਕੇ ਭੁੱਲ ਵਿਚ ਪਏ ਹੋ'' (ਮੱਤੀ 22:29; ਮਰਕੁਸ 12:24)।

ਢੀਠ ਫ਼ਰੀਸੀ ਇਕ ਵਕੀਲ ਨੂੰ ਨਾਲ ਲੈ ਕੇ ਫੇਰ ਆ ਗਏ, ਜਿਹਨੇ ਸਵਾਲ ਕੀਤਾ ਕਿ ''ਸ਼ਰ੍ਹਾ ਵਿਚ ਸਭ ਤੋਂ ਵੱਡਾ ਹੁਕਮ ਕੀ ਹੈ?'' ਯਿਸੂ ਨੇ ਜਵਾਬ ਦਿੱਤਾ ਕਿ ''ਪ੍ਰਭੂ ਪ੍ਰਮੇਸ਼ਵਰ ਨੂੰ ਪਹਿਲ ਦੇਣਾ'' ਅਤੇ ਫਿਰ ਦੂਜਾ ਵੱਡਾ ਹੁਕਮ ਵੀ ਜੋੜ ਦਿੱਤਾ ਕਿ ''ਆਪਣੇ ਗੁਆਂਢੀ ਨੂੰ ਆਪਣੇ ਵਾਂਗ ਪਿਆਰ ਕਰ।'' ਉਹਦਾ ਜਵਾਬ ਸੁਣ ਕੇ ਉਹ ਵਕੀਲ ਲਾਜਵਾਬ ਹੋ ਗਿਆ। (ਵੇਖੋ ਮੱਤੀ 22:34-40; ਮਰਕੁਸ 12:28-34.)

ਫਿਰ ਯਿਸੂ ਨੇ ਉਨ੍ਹਾਂ ਤੋਂ ਪੁੱਛਿਆ ਕਿ ਮਸੀਹਾ ਕੌਣ ਹੈ। ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ। ਇੱਥੇ ਸਵਾਲ ਜਵਾਬ ਬੰਦ ਹੋ ਗਏ। (ਵੇਖੋ ਮੱਤੀ 22:41-46; ਮਰਕੁਸ 12:35-37; ਲੂਕਾ 20:41-44.)

## ਸਿੱਧਾ ਉਪਦੇਸ਼

ਇਸ ਸਭ ਦੇ ਬਾਅਦ ਯਿਸੂ ਨੇ ਲਿਖਤ ਵਿਚ ਸਭ ਤੋਂ ਬਹੁਤਾ ਚੋਟ ਪਹੁੰਚਾਉਣ ਵਾਲਾ ਉਪਦੇਸ਼ ਦਿੱਤਾ (ਮੱਤੀ 23)। ਉਹਨੇ ਯਹੂਦੀ ਆਗੂਆਂ ਨੂੰ ''ਸੱਪ'' ਅਤੇ ''ਅੰਨ੍ਹੇ ਆਗੂ'' ਕਿਹਾ। ''ਕਪਟੀ'' ਨਾਂਅ ਦਿੰਦਿਆਂ ਉਹਨੇ ਉਨ੍ਹਾਂ 'ਤੇ ਸੱਤ ਹਾਏ ਆਖੀਆਂ। ''ਹੇ ਯਰੂਸ਼ਲਮ, ਯਰੂਸ਼ਲਮ! ... ਮੈਂ ਕਿੰਨੀ ਵਾਰੀ ਚਾਹਿਆ ... ਜੋ ਤੇਰੇ ਬਾਲਕਾਂ ਨੂੰ ... ਇਕੱਠੇ ਕਰਾਂ, ਪਰ ਤੁਸਾਂ ਨਾ ਚਾਹਿਆ'' (ਮੱਤੀ 23:37; ਵੇਖੋ ਲੂਕਾ 13:34)।

## ਨਬੂਵਤ ਅਤੇ ਪ੍ਰਚਾਰ

ਹੈਕਲ 'ਚੋਂ ਨਿੱਕਲ ਕੇ ਬਾਹਰ ਆਉਂਦਿਆਂ ਯਿਸੂ ਦੇ ਚੇਲਿਆਂ ਨੇ ਹੈਕਲ ਦੇ ਢਹਿਣ ਬਾਰੇ ਤਿੰਨ ਸਵਾਲ ਪੁੱਛੇ; ''ਇਹ ਗੱਲਾਂ ਕਦੋਂ ਹੋਣਗੀਆਂ?''; ''ਤੇਰੇ ਆਉਣ ਦਾ ਕੀ ਲੱਛਣ ਹੋਵੇਗਾ?'' ਅਤੇ ''ਯੁੱਗ ਦੇ ਅੰਤ ਦਾ ਕੀ ਨਿਸ਼ਾਨ ਹੋਵੇਗਾ?'' ਮੱਤੀ 24, ਮਰਕੁਸ 13 ਅਤੇ ਲੂਕਾ 21 ਵਿਚ ਯਿਸੂ ਨੇ ਤਿੰਨਾਂ ਸਵਾਲਾਂ ਦਾ ਜਵਾਬ ਦਿੱਤਾ। ਦੂਜੇ ਸ਼ਬਦਾਂ ਵਿਚ ਉਹ ਅਜੇ ਵੀ ਸਿਖਾ ਹੀ ਰਿਹਾ ਸੀ।

ਇੱਥੇ ਅਸੀਂ ''ਦੋ ਦਮੜੀਆਂ ਵਾਲੀ ਵਿਧਵਾ'' ਬਾਰੇ ਪੜ੍ਹਦੇ ਹਾਂ ਜਿਹਨੇ ਜੋ ਕੁਝ ਉਹਦੇ ਕੋਲ ਸੀ ਸਭ ਖ਼ੁਦਾ ਨੂੰ ਦੇ ਦਿੱਤਾ (ਮਰਕੁਸ 12:41-44; ਲੂਕਾ 21:1-4)। ਹਰ ਤਰ੍ਹਾਂ ਦੇ ਕਪਟ ਦੇ ਦਰਮਿਆਨ ਹਰ ਯੁੱਗ ਦੇ ਲੋਕਾਂ ਨੂੰ ਯਾਦ ਦੁਆਉਣ ਲਈ ਕਿ ਅਸਲ ਦਾਨ ਕੀ ਹੈ, ਖ਼ੁਦਾ ਨੇ ਇਸ ਗ਼ਰੀਬ ਵਿਧਵਾ ਨੂੰ ਭੇਜਿਆ!

ਮੁਸ਼ਕਿਲ ਅੱਗੇ ਸੀ! ਭੀੜ ਅਤੇ ਅਲੋਚਕਾਂ ਦੇ ਬਾਵਜੂਦ ਜ਼ਿੰਮੇਵਾਰੀ 'ਤੇ ਜ਼ੋਰ ਦਿੰਦਿਆਂ, ਤੋੜਿਆਂ ਦਾ ਦ੍ਰਿਸ਼ਟਾਂਤ; ਅਤੇ ਨਿਆਂ ਦੀ ਤਸਵੀਰ ਵਿਖਾਉਂਦਿਆਂ ਭੇਡਾਂ ਅਤੇ ਬੱਕਰੀਆਂ ਦਾ ਦ੍ਰਿਸ਼ਟਾਂਤ ਦੇ ਕੇ ਯਿਸੂ ਨੇ ਆਪਣੇ ਚੇਲਿਆਂ ਨੂੰ ਤਿੰਨ ਗੰਭੀਰ ਸੱਚਾਈਆਂ ਦੱਸੀਆਂ (ਮੱਤੀ 25)। ਖ਼ੁਦਾ ਦੇ ਕਿਸੇ ਸੇਵਕ ਨੇ ਕਦੇ ਇਸ ਤਰ੍ਹਾਂ ਵਚਨ ਨਹੀਂ ਸੁਣਾਇਆ ਸੀ, ਜਿਵੇਂ ਯਿਸੂ ਨੇ ਸੁਣਾਇਆ, ਪਰ ਉਹਦਾ ਪ੍ਰਚਾਰ ਬੋਲ਼ੇ ਕੰਨਾਂ ਤੋਂ ਜੂੰ ਵਾਂਗ ਲੰਘ ਗਿਆ।

ਕਿੰਨਾ ਅਜੀਬ ਦਿਨ ਸੀ!

*ਸਲੀਬ ...*
*ਹੋਰ ਰਾਹ ਹੀ ਨਹੀਂ!*

ਟਿੱਪਣੀਆਂ

[1]ਸ਼ਾਇਦ ਯਿਸੂ ਦੇ ਸਮੇਂ ਦੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਯਹੂਦੀ ਧਾਰਮਿਕ ਆਗੂ, ਫ਼ਰੀਸੀ ਆਪਣੇ ਆਪ ਵਿਚ ਧਰਮੀ ਹੋਣ ਅਤੇ ਸ਼ਰੀਅਤਪ੍ਰਸਤ ਹੋਣ ਦੀ ਤਸਵੀਰ ਸਨ। ਹੈਰੋਦੀ ਲੋਕ ਫ਼ਲਸਤੀਨ ਵਿਚ ਹੈਰੋਦੇਸ ਦੇ ਪਰਿਵਾਰ ਦੀ ਸ਼ਕਤੀ ਵਧਾਉਣ ਲਈ ਸਮਰਪਿਤ ਸਿਆਸੀ ਧੜਾ ਸੀ। [2]ਸਦੂਕੀ ਰਈਸ ਲੋਕ ਸਨ, ਜਿਨ੍ਹਾਂ ਵਿੱਚੋਂ ਬਹੁਤੇ ਯਾਜਕ ਸਨ। ਉਹ ਯਿਸੂ ਨਾਲ ਇਸ ਕਰਕੇ ਨਫ਼ਰਤ ਕਰਦੇ ਸਨ ਕਿਉਂਕਿ ਉਹ ਉਨ੍ਹਾਂ ਦੀ ਗੱਦੀ ਲਈ ਖ਼ਤਰਾ ਸੀ।